# ਬਾਰ੍ਹਵੀਂ

## ਖੇਤੀਬਾੜੀ (ਲਿਖਤੀ)

## ਨਮੂਨਾ ਪ੍ਰਸ਼ਨ ਪੱਤਰ

**ਅਕਾਦਮਿਕ ਸਾਲ : 2024-2025**

**(ਕੇਵਲ ਵਿਲੱਖਣ ਸਮਰੱਥਾ ਵਾਲੇ ਪ੍ਰੀਖਿਆਰਥੀਆਂ ਲਈ)**

**ਕੁੱਲ ਸਮਾਂ : 3 ਘੰਟੇ** **ਕੁੱਲ ਅੰਕ : 70**

ਪ੍ਰਸ਼ਨ ਪੱਤਰ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ :

ਭਾਗ - I ਇਸ ਭਾਗ ਵਿੱਚ ਚਾਰ ਪ੍ਰਸ਼ਨ ਪੁੱਛੇ ਗਏ ਹਨ :

ਪ੍ਰਸ਼ਨ ਨੰਬਰ 1 : ਇਸ ਦੇ ਛੇ ਉਪ ਭਾਗ ਹਨ। ਇਸ ਵਿੱਚ ਦੋ-ਦੋ ਅੰਕਾਂ ਵਾਲੇ ਛੇ 'ਬਹੁ-ਵਿਕਲਪੀ ਪ੍ਰਸ਼ਨ' ਹਨ।

ਪ੍ਰਸ਼ਨ ਨੰਬਰ 2 : ਇਸ ਦੇ ਪੰਜ ਉਪ ਭਾਗ ਹਨ। ਇਸ ਵਿੱਚ ਦੋ-ਦੋ ਅੰਕਾਂ ਵਾਲੇ ਪੰਜ 'ਖ਼ਾਲੀ ਥਾਂਵਾਂ ਭਰੋ' ਵਾਲੇ ਪ੍ਰਸ਼ਨ ਹਨ।

ਪ੍ਰਸ਼ਨ ਨੰਬਰ 3 : ਇਸ ਦੇ ਪੰਜ ਉਪ ਭਾਗ ਹਨ। ਇਸ ਵਿੱਚ ਦੋ-ਦੋ ਅੰਕਾਂ ਵਾਲੇ ਪੰਜ 'ਠੀਕ ਜਾਂ ਗ਼ਲਤ ਕਥਨ' ਵਾਲੇ ਪ੍ਰਸ਼ਨ ਹਨ।

ਪ੍ਰਸ਼ਨ ਨੰਬਰ 4 : ਇਸ ਦੇ ਪੰਜ ਉਪ ਭਾਗ ਹਨ। ਇਸ ਵਿੱਚ ਦੋ-ਦੋ ਅੰਕਾਂ ਵਾਲੇ ਪੰਜ 'ਸਹੀ ਮਿਲਾਣ ਕਰੋ' ਵਾਲੇ ਪ੍ਰਸ਼ਨ ਹਨ।
ਇਹ ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ।

ਭਾਗ - II ਇਸ ਭਾਗ ਵਿੱਚ ਪ੍ਰਸ਼ਨ ਨੰਬਰ 5 ਤੋਂ 8 ਤੱਕ ਤਿੰਨ-ਤਿੰਨ ਅੰਕਾਂ ਵਾਲੇ ਚਾਰ ਪ੍ਰਸ਼ਨ ਹਨ। ਹਰੇਕ ਪ੍ਰਸ਼ਨ ਦਾ ਉੱਤਰ ਲਗਭਗ ਇੱਕ-ਦੋ ਵਾਕਾਂ ਦਾ ਹੋ ਸਕਦਾ ਹੈ। ਇਨ੍ਹਾਂ ਸਾਰੇ ਪ੍ਰਸ਼ਨਾਂ ਵਿੱਚ 100% ਅੰਦਰੂਨੀ ਛੋਟ ਹੈ। ਅੰਦਰੂਨੀ ਛੋਟ ਵਾਲਾ ਪ੍ਰਸ਼ਨ ਉਸੇ ਸੈਕਸ਼ਨ ਵਿੱਚੋਂ ਹੀ ਹੋਵੇਗਾ।

ਭਾਗ - III ਇਸ ਭਾਗ ਵਿੱਚ ਪ੍ਰਸ਼ਨ ਨੰਬਰ 9 ਤੋਂ 12 ਤੱਕ ਚਾਰ-ਚਾਰ ਅੰਕਾਂ ਵਾਲੇ ਚਾਰ ਪ੍ਰਸ਼ਨ ਹਨ। ਹਰੇਕ ਪ੍ਰਸ਼ਨ ਦਾ ਉੱਤਰ ਲਗਭਗ ਚਾਰ-ਪੰਜ ਵਾਕਾਂ ਦਾ ਹੋ ਸਕਦਾ ਹੈ। ਇਨ੍ਹਾਂ ਸਾਰੇ ਪ੍ਰਸ਼ਨਾਂ ਵਿੱਚ 100% ਅੰਦਰੂਨੀ ਛੋਟ ਹੈ। ਅੰਦਰੂਨੀ ਛੋਟ ਵਾਲਾ ਪ੍ਰਸ਼ਨ ਉਸੇ ਸੈਕਸ਼ਨ ਵਿੱਚੋਂ ਹੀ ਹੋਵੇਗਾ।

### ਭਾਗ - I

**1. ਹੇਠਾਂ ਦਿੱਤੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

(i) ਤੇਜ਼ਾਬੀ ਜ਼ਮੀਨ ਨੂੰ ਸੁਧਾਰਨ ਲਈ ਕਿਹੜੇ ਪਦਾਰਥ ਦੀ ਵਰਤੋਂ ਕੀਤੀ ਜਾਂਦੀ ਹੈ ?

(ੳ) ਚੂਨਾ (ਅ) ਜਿਪਸਮ (ੲ) ਯੂਰੀਆ (ਸ) ਡੀ. ਏ. ਪੀ. **2**

(ii) 'ਮਿੱਠੀ ਫ਼ਲੀ' ਕਿਹੜੀ ਸਬਜ਼ੀ ਦੀ ਉੱਨਤ ਕਿਸਮ ਹੈ ?

(ੳ) ਮਟਰ (ਅ) ਸੂਰਜਮੁਖੀ (ੲ) ਅੰਬ (ਸ) ਅਮਰੂਦ **2**

(iii) ਮੱਝ ਦੀ ਕਿਹੜੀ ਨਸਲ ਨੂੰ 'ਪੰਜ ਕਲਿਆਣੀ' ਵੀ ਕਿਹਾ ਜਾਂਦਾ ਹੈ ?

(ੳ) ਨੀਲੀ ਰਾਵੀ (ਅ) ਸੂਰਤੀ (ੲ) ਜਾਫਰਾਬਾਦੀ (ਸ) ਮਹਿਸਾਨਾ **2**

(iv) ਰਾਣੀਖੇਤ ਬਿਮਾਰੀ ਕਿਸ ਨੂੰ ਲੱਗਦੀ ਹੈ ?

(ੳ) ਮੱਝ (ਅ) ਮੁਰਗ਼ੀ (ੲ) ਗਾਂ (ਸ) ਮੱਛੀ **2**

(v) ਕਿਹੜੇ ਪੌਦੇ ਦਾ ਜੀਵਨ ਚੱਕਰ ਛੋਟਾ ਹੁੰਦਾ ਹੈ ?

(ੳ) ਮਟਰ (ਅ) ਗੰਨਾ (ੲ) ਟਾਹਲੀ (ਸ) ਬੋਹੜ **2**

(vi) ਜੀਵ ਵਿਕਾਸ ਦੇ ਸਿਧਾਂਤ ਕਿਸ ਵਿਗਿਆਨੀ ਨੇ ਪੇਸ਼ ਕੀਤੇ ਸਨ ?

(ੳ) ਲੈਮਾਰਕ (ਅ) ਕਲਪਨਾ ਚਾਵਲਾ (ੲ) ਨਿਊਟਨ (ਸ) ਆਈਨਸਟੀਨ **2**

**2 ਅੰਕ × 6 = 12 ਅੰਕ**

**2. ਬਰੈਕਟ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਵਾਂ ਭਰੋ :**

| | | | |
|---|---|---|---|
| (i) | ਰੂੜੀ ਦੀ ਖਾਦ ................ ਤੋਂ ਬਣਦੀ ਹੈ। | (ਗੋਹੇ / ਹੱਡੀਆਂ) | **2** |
| (ii) | ਕਣਕ .................... ਰੁੱਤ ਦੀ ਮੁੱਖ ਫ਼ਸਲ ਹੈ। | (ਹਾੜ੍ਹੀ / ਸਾਉਣੀ) | **2** |
| (iii) | ਮੱਝ ਦਾ ਗਰਭ ਕਾਲ ................ ਦਿਨ ਦਾ ਹੁੰਦਾ ਹੈ। | (310 / 210) | **2** |
| (iv) | ਪੱਥਰਚੱਟ ਦਾ ਨਵਾਂ ਪੌਦਾ ...................... ਰਾਹੀਂ ਤਿਆਰ ਕੀਤਾ ਜਾਂਦਾ ਹੈ। | (ਪੱਤੇ / ਬੀਜ) | **2** |
| (v) | ਹੋਮੋ ਸੇਪੀਐਂਸ ...................... ਦਾ ਵਿਗਿਆਨਕ ਨਾਂ ਹੈ। | (ਮਨੁੱਖ / ਸ਼ੇਰ) | **2** |

**2 ਅੰਕ × 5 = 10 ਅੰਕ**

**3. ਹੇਠ ਲਿਖੇ ਕਥਨਾਂ ਵਿੱਚੋਂ ਸਹੀ ਜਾਂ ਗਲਤ ਦੱਸੋ :**

(i) ਫਲੀਦਾਰ ਫ਼ਸਲਾਂ ਨੂੰ ਨਾਈਟਰੋਜਨ ਵਾਲੀਆਂ ਖਾਦਾਂ ਦੀ ਲੋੜ ਘੱਟ ਹੁੰਦੀ ਹੈ। **2**

(ii) ਅੰਗੂਰਾਂ ਦੀਆਂ ਵੇਲਾਂ ਜਨਵਰੀ ਮਹੀਨੇ ਵਿੱਚ ਲਗਾਈਆਂ ਜਾਂਦੀਆਂ ਹਨ। **2**

(iii) ਵਧੀਆ ਨਸਲ ਦੀ ਮੱਝ ਦੀ ਚਮੜੀ ਪਤਲੀ ਹੁੰਦੀ ਹੈ। **2**

(iv) ਪੌਦਿਆਂ ਦਾ ਹਰਾ ਰੰਗ ਕਲੋਰੋਫਿਲ ਕਾਰਨ ਹੁੰਦਾ ਹੈ। **2**

(v) ਲਹੂ ਦੁਆਰਾ ਸਰੀਰ ਦੇ ਹਰੇਕ ਭਾਗ ਵਿੱਚ ਭੋਜਨ ਪਹੁੰਚਾਇਆ ਜਾਂਦਾ ਹੈ। **2**

**2 ਅੰਕ × 5 = 10 ਅੰਕ**

**4. ਕਾਲਮ '1' ਦਾ ਕਾਲਮ '2' ਨਾਲ ਸਹੀ ਮਿਲਾਨ ਕਰੋ :**

| | **ਕਾਲਮ '1'** | **ਕਾਲਮ '2'** | |
|---|---|---|---|
| (i) | ਚੀਕਣੀ ਮਿੱਟੀ ਦੇ ਕਣ ਦਾ ਅਕਾਰ | ਕੁੱਤਾ | **2** |
| (ii) | ਹਰੇ ਚਾਰੇ ਦਾ ਅਚਾਰ | ਬਹੁਤ ਬਾਰੀਕ | **2** |
| (iii) | ਮਾਸ ਲਈ ਪਾਲੀਆਂ ਜਾਣ ਵਾਲੀਆਂ ਮੁਰਗੀਆਂ | ਸਾਈਲੇਜ | **2** |
| (iv) | ਬੀਜ ਦੇ ਉੱਗਣ ਲਈ ਜ਼ਰੂਰੀ ਸ਼ਰਤਾਂ | ਬ੍ਰਾਇਲਰਜ਼ | **2** |
| (v) | ਘਰ ਦੀ ਰਾਖੀ ਕਰਨ ਵਾਲਾ ਜੰਤੂ | ਹਵਾ, ਪਾਣੀ ਅਤੇ ਗਰਮੀ | **2** |

**2 ਅੰਕ × 5 = 10 ਅੰਕ**

## ਭਾਗ - II

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਵਾਕਾਂ ਵਿੱਚ ਦਿਓ:**

**5.** ਪੌਦੇ ਦੇ ਵਾਧੇ ਲਈ ਨਾਈਟਰੋਜਨ ਦੇ ਕੋਈ ਤਿੰਨ ਕੰਮ ਲਿਖੋ। **3**

ਜਾਂ

ਪਨੀਰੀ ਲਗਾ ਕੇ ਉਗਾਈਆਂ ਜਾ ਸਕਣ ਵਾਲੀਆਂ ਕਿਸੇ ਛੇ ਸਬਜ਼ੀਆਂ ਦੇ ਨਾਂ ਲਿਖੋ। **3**

**6.** ਲਾਲ ਸਿੰਧੀ ਗਾਂ ਦੇ ਕੋਈ ਤਿੰਨ ਲੱਛਣ ਲਿਖੋ। **3**

ਜਾਂ

ਮੁਰਗ਼ੀਆਂ ਦੇ ਮਾਸ ਦੀ ਮਨੁੱਖੀ ਭੋਜਨ ਵਿੱਚ ਕੀ ਮਹੱਤਤਾ ਹੈ ? **3**

**7.** ਵਿਭਿੰਨਤਾਵਾਂ ਦੇ ਕੋਈ ਤਿੰਨ ਮਹੱਤਵ ਲਿਖੋ। **3**

ਜਾਂ

ਜੜ੍ਹ ਅਤੇ ਤਣੇ ਵਿੱਚ ਕੋਈ ਤਿੰਨ ਅੰਤਰ ਲਿਖੋ। **3**

**8.** ਸਜੀਵ ਵਸਤੂਆਂ ਦੇ ਤਿੰਨ ਮੁੱਖ ਲੱਛਣ ਲਿਖੋ। **3**

ਜਾਂ

ਮਨੁੱਖ ਦੇ ਕਿਸੇ ਤਿੰਨ ਅਵਸ਼ੇਸ਼ੀ ਅੰਗਾਂ ਦੇ ਨਾਂ ਲਿਖੋ। **3**

**3 ਅੰਕ × 4 = 12 ਅੰਕ**

## ਭਾਗ - III

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਚਾਰ-ਪੰਜ ਵਾਕਾਂ ਵਿੱਚ ਦਿਓ:**

**9.** ਮੂੰਗੀ ਦੀ ਖੇਤੀ ਸਬੰਧੀ ਜਾਣਕਾਰੀ ਹੇਠ ਲਿਖੇ ਸਿਰਲੇਖਾਂ ਅਨੁਸਾਰ ਦਿਉ :

(ੳ) ਜ਼ਮੀਨ (ਅ) ਉੱਨਤ ਕਿਸਮਾਂ (ੲ) ਬਿਜਾਈ ਦਾ ਸਮਾਂ (ਸ) ਬੀਜ ਦੀ ਮਾਤਰਾ **4**

ਜਾਂ

ਭੂਮੀ ਦੇ ਕੋਈ ਚਾਰ ਰਸਾਇਣਿਕ ਗੁਣ ਲਿਖੋ। **4**

**10.** ਪਸ਼ੂਆਂ ਦੇ ਗੋਹੇ ਦੀ ਸੰਭਾਲ ਕਿਵੇਂ ਕਰਨੀ ਚਾਹੀਦੀ ਹੈ ? **4**

ਜਾਂ

ਮੁਰਗ਼ੀਆਂ ਪਾਲਣ ਦੇ ਕੋਈ ਚਾਰ ਲਾਭ ਲਿਖੋ। **4**

**11.** ਫੁੱਲ ਦੇ ਮਾਦਾ ਜਨਣ ਅੰਗ ਦਾ ਵਰਣਨ ਕਰੋ। **4**

ਜਾਂ

ਪ੍ਰਕਾਸ਼ ਸੰਸ਼ਲੇਸ਼ਨ ਕਿਰਿਆ ਤੇ ਪ੍ਰਭਾਵ ਪਾਉਣ ਵਾਲੇ ਕੋਈ ਚਾਰ ਕਾਰਕ ਲਿਖੋ। **4**

**12.** ਜੀਵ ਵਿਕਾਸ ਤੇ ਵਾਤਾਵਰਨ ਦਾ ਸਿੱਧਾ ਪ੍ਰਭਾਵ ਕਿਵੇਂ ਪੈਂਦਾ ਹੈ ? **4**

ਜਾਂ

ਸ਼ਹਿਦ ਦੀਆਂ ਮੱਖੀਆਂ ਪਾਲਣ ਦੇ ਕੋਈ ਚਾਰ ਲਾਭ ਲਿਖੋ। **4**

**4 ਅੰਕ × 4 = 16 ਅੰਕ**